FirstRanker.com
Firstranker's choice
www.FirstRanker.com www.FirstRanker.com

This Question Paper consists of 24 questions and 6 printed pages.
ਇਸ ਪ੍ਰਸ਼ਨ ਪੱਤਰ ਵਿਚ 24 ਸੁਆਲ ਹਨ ਅਤੇ 6 ਛੱਪੇ ਹੋਏ ਪੰਨੇ ਹਨ।

ਕੋਡ ਨੰ. **53/SS/O/P**

Roll No. | | | | | | | | | | | | |

**Set A**

# (ਪੰਜਾਬੀ)
# ( PUNJABI )
# (310)

ਪਰੀਖਿਆ ਦਾ ਦਿਨ ਅਤੇ ਤਾਰੀਖ : ........................................................................................

ਨਿਰੀਖਇਕ ਦੇ ਹਸਤਾਖਰ : ੧. ........................................................................

੨. ........................................................................

www.FirstRanker.com

***ਆਮ ਹਿਦਾਇਤਾਂ :***

1. ਪਰੀਖਿਆਰਥੀ ਪ੍ਰਸ਼ਨ ਪਤਰ ਦੇ ਮੁਖ ਪੰਨੇ ਤੇ ਆਪਣੇ ਰੋਲ ਨੰਬਰ ਜ਼ਰੂਰ ਲਿਖਣ।
2. ਕ੍ਰਿਪਾਕਰਕੇ ਪ੍ਰਸ਼ਨ ਪੱਤਰ ਵੇਖ ਲਵੋ ਕਿ ਪ੍ਰਸ਼ਨ ਪੱਤਰ ਦੇ ਕੁਲ ਪੰਨੇ ਅਤੇ ਕੁਲ ਸੁਆਲ ਉਹੋ ਹੀ ਹਨ ਜਿਹੜੇ ਕਿ ਮੁਖ ਪੰਨੇ ਦੇ ਸਭ ਤੋਂ ਉਪਰ ਲਿਖੇ ਗਏ ਹਨ। ਇਹ ਵੀ ਵੇਖ ਲਵੋ ਕਿ ਸੁਆਲ ਸਾਰੇ ਕ੍ਰਮਵਾਰ ਲਿਖੇ ਹੋਏ ਹਨ।
3. ਵਸਤੂਨਿਸ਼ਠ ਸੁਆਲਾਂ ਵਿਚ ਆਪਣੇ ਪ੍ਰਸ਼ਨ ਪੱਤਰ ਵਿਚ ਦਿਤੇ ਵਿਕਲਪਾਂ [(A), (B), (C) ਅਤੇ (D)] ਵਿਚੋਂ ਕੋਈ ਇਕ ਚੁਣਨਾ ਹੈ ਅਤੇ ਠੀਕ ਜੁਆਬ ਨੂੰ ਆਪਣੀ ਉੱਤਰ ਕਾਪੀ ਵਿਚ ਲਿਖਣਾ ਹੈ। ਬਹੁ ਵਿਕਲਪੀ ਸੁਆਲਾਂ ਲਈ ਕੋਈ ਫਾਲਤੂ ਸਮਾਂ ਨਹੀਂ ਮਿਲੇਗਾ।
4. ਉੱਤਰ ਕਾਪੀ ਵਿਚ ਕੋਈ ਪਛਾਣ ਚਿੰਨ ਬਨਾਉਣਾ ਜਾਂ ਆਪਣਾ ਰੋਲ ਨੰਬਰ ਨਿਰਧਾਰਿਤ ਥਾਂ ਦੀ ਜਗ੍ਹਾ ਕਿਧਰੇ ਹੋਰ ਲਿਖਣਾ ਪਰੀਖਿਆਰਥੀ ਦੀ ਪਾਤਰਤਾ ਨੂੰ ਰਦ ਕਰਨ ਤਕ ਲੈ ਜਾਵੈਗਾ।
5. ਆਪਣੇ ਪ੍ਰਸ਼ਨ ਪੱਤਰ ਦਾ ਕੋਡ ਨੰ. 53/SS/O/P, A ਉੱਤਰ ਕਾਪੀ ਵਿਚ ਲਿਖੋ।

www.FirstRanker.com

FirstRanker.com
Firstranker's choice
www.FirstRanker.com www.FirstRanker.com

# (ਪੰਜਾਬੀ)

# ( PUNJABI )

# (310)

ਸਮਾਂ : 3 ਘੰਟੇ ] [ ਅੰਕਾਂ : 100

**ਨੋਟ:** (i) ਸਭ ਪ੍ਰਸ਼ਨ ਜਰੂਰੀ ਹਨ। ਅੰਕ ਪ੍ਰਸ਼ਨਾਂ ਦੇ ਸਾਹਮਣੇ ਦਿੱਤੇ ਗਏ ਹਨ।

(ii) ਪ੍ਰਸ਼ਨ ਸੰਖਿਆ (24) ਦੋ ਵਿਕਲੱਪ ਹਨ। ਇਨ੍ਹਾਂ ਵਿੱਚੋਂ ਕਿਸੇ ਇੱਕ ਵਿਕਲਪ ਦੇ ਪ੍ਰਸ਼ਨਾਂ ਦੇ ਉੱਤਰ ਹੀ ਦੇਣੇ ਹਨ।

(iii) ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲੀ-ਖੁੱਲੀ ਕਰਨ ਦਾ ਜਤਨ ਕਰੋ। ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ।

**ਨੋਟ** : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ : 1×8=8

**1.** 'ਮਿਰਜਾ ਸਾਹਿਬਾਂ' ਦਾ ਕਿੱਸਾ ਕਿਸਨੇ ਲਿਖਿਆ ਹੈ?

**2.** ਕੁਲਫ਼ੀ ਕਹਾਣੀ ਵਿੱਚ ਕਥਾਵਾਚਕ ਆਪਣੇ ਆਪ ਨੂੰ ਕਾਇਰ ਕਿਉਂ ਕਹਿੰਦਾ ਹੈ?

**3.** 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਭੈਣ ਅਨੁਸਾਰ, 'ਵਾਹਿ ਗੁਰੂ ਤੋਂ ਕੌਣ ਡਰਦਾ ਹੈ ਤੇ ਕੌਣ ਨਹੀਂ'?

**4.** ਬਲਵੰਤ ਗਾਰਗੀ ਦੀ ਪੁਸਤਕ 'ਰੰਗਮੰਚ' ਦਾ ਅੰਗਰੇਜ਼ੀ ਰੂਪ ਕਿਸਨੇ ਪ੍ਰਕਾਸ਼ਤ ਕੀਤਾ ਸੀ?

**5.** 'ਮੇਲਿਆਂ' ਦਾ ਸੰਬੰਧ ਸਾਡੇ ਕਿਸ ਵਿਰਸੇ ਨਾਲ ਜੁੜਿਆ ਹੋਇਆਂ ਹੈ?

**6.** ਇਕਾਂਗੀ ਵਿੱਚ ਬਾਬਾ ਜੀ ਰਾਮੂ ਨੂੰ ਕਿਸ ਦੀ ਕਹਾਣੀ ਸੁਣਾਂਦੇ ਹਨ?

**7.** ਮਹਾਂ-ਪੁਰਸ਼ਾਂ ਦੇ ਪ੍ਰਸੰਗ - ਵਾਕਾਂ ਨੂੰ ਜਦੋਂ ਅਸੀਂ ਸਿਧਾਂਤ ਵਾਕਾਂ ਦੀ ਤਰ੍ਹਾਂ ਪ੍ਰਯੋਗ ਵਿੱਚ ਲਿਆਉਂਦੇ ਤਾਂ ਉਹ ਕੀ ਅਖਵਾਉਂਦੇ ਹਨ?

**8.** ਪੰਜਾਬੀ ਭਾਸ਼ਾ ਵਿੱਚ ਬਣਤਰ ਦੇ ਆਧਾਰ ਤੇ ਕਿੰਨੀ ਤਰ੍ਹਾਂ ਦੇ ਪੂਰਨ ਵਾਕ ਪਛਾਣੇ ਗਏ ਹਨ?

www.FirstRanker.com

FirstRanker.com
Firstranker's choice
www.FirstRanker.com www.FirstRanker.com

**ਨੋਟ** : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਚੁਣਕੇ ਆਪਣੀ ਉੱਤਰ ਪੁਸਤਕਾ ਵਿੱਚ ਲਿਖੋ: 1×10=10

**9.** ਗੁਰੂ ਨਾਨਕ ਦੇਵ ਜੀ ਦੀ ਬਾਣੀ ਅਨੁਸਾਰ 'ਅੱਕ-ਟਿੱਡਾ' ਕਿਸ ਚੀਜ ਦਾ ਪ੍ਰਤੀਕ ਹੈ?

(A) ਬੁਰਾਈ ਦਾ

(B) ਮੌਤ ਦਾ

(C) ਅਮੀਰ ਲੋਕਾਂ ਦਾ

(D) ਫ਼ਕੀਰ ਲੋਕਾਂ ਦਾ

**10.** 'ਭੂਆ' ਕਿਸ ਦੀ ਲਿਖੀ ਕਹਾਣੀ ਹੈ?

(A) ਸ: ਕਰਤਾਰ ਸਿੰਘ ਦੁਗਲ ਦੀ

(B) ਸ: ਸੁਜਾਨ ਸਿੰਘ ਦੀ

(C) ਸ: ਨਾਨਕ ਸਿੰਘ ਦੀ

(D) ਸ: ਗੁਰਬਖਸ਼ ਸਿੰਘ ਪ੍ਰੀਤਲੜੀ ਦੀ

**11.** 'ਮਿਰਜੇ' ਅਨੁਸਾਰ ਉਸ ਦੀ 'ਬੱਕੀ' ਤੋਂ ਕੌਣ ਡਰਦਾ ਹੈ?

(A) ਸ਼ੇਰ

(B) ਬਹਾਦਰ ਲੋਕ

(C) ਫ਼ਰਿਸ਼ਤੇ

(D) ਦੈਂਤ

www.FirstRanker.com

**12.** ਜੰਗ ਦੇ ਮੈਦਾਨ ਵਿੱਚ 'ਚਿੱਟੇ ਝੰਡੇ' ਦਾ ਕੀ ਮਤਲਬ ਹੁੰਦਾ ਹੈ?

(A) ਸ਼ਾਂਤੀ ਅਤੇ ਅਹਿੰਸਾ

(B) ਹੌਸਲਾ

(C) ਸੇਵਾ ਕਰਨਾ

(D) ਯੁੱਧ ਬੰਦੀ

**13.** ਰੇਲ ਹਾਦਸੇ ਸਮੇਂ ਕੁਲਦੀਪ ਕਿਸ ਦਾ ਅਟੈਚੀ ਚੋਰੀ ਕਰਕੇ ਲੈ ਆਇਆ ਸੀ?

(A) ਮਰ ਚੁੱਕੇ ਕਿਸੇ ਸ਼ੇਠ ਦਾ

(B) ਕਿਸੇ ਬੁੱਢੇ ਦਾ

(C) ਇੱਕ ਔਰਤ ਦਾ

(D) ਰਾਮੂ ਦਾ

www.FirstRanker.com

FirstRanker.com
Firstranker's choice
www.FirstRanker.com www.FirstRanker.com

**14.** 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਬੱਚਿਆਂ ਨੂੰ ਕਿਸ ਤੋਂ ਡਰ ਲਗਦਾ ਹੈ?

(A) ਸੁੰਨਸਾਨ ਥਾਂ ਤੋਂ

(B) ਜੰਗਲ ਤੋਂ

(C) ਗਸ਼ੇ ਤੋਂ

(D) ਪਠਾਨ ਤੋਂ

**15.** ਮੇਲਾਂ ਸ਼ਬਦ ਦਾ ਸਹੀ ਵਿਕਲਪ ਕੀ ਹੈ?

(A) ਗੁਫ਼ਤਗੂ

(B) ਮਿਲਣੀ

(C) ਮੇਲ-ਮਿਲਾਪ

(D) ਮੁਲਾਕਾਤਾਂ

**16.** 'ਅਚਲ' ਦਾ ਮੇਲਾ ਪੰਜਾਬ ਦੇ ਮਾਝੇ ਦੇ ਕਿਹੜੇ ਇਲਾਕੇ ਵਿੱਚ ਲਗਦਾ ਹੈ?

(A) ਪਟਿਆਲਾ ਦੇ ਨੇੜੇ

(B) ਬਠਿੰਡੇ ਦੇ ਨੇੜੇ

(C) ਬਟਾਲੇ ਦੇ ਨੇੜੇ

(D) ਹਿਸਾਰ ਦੇ ਨੇੜੇ

www.FirstRanker.com

**17.** ਮੂਲ ਸ਼ਬਦ ਕਿਸ ਨੂੰ ਕਹਿੰਦੇ ਹਨ?

(A) ਜਿਹੜੇ ਕਿਸੇ ਹੋਰ ਸ਼ਬਦ ਦੀ ਸਹਾਇਤਾ ਨਾਲ ਬਣਦੇ ਹਨ।

(B) ਜਿਹੜੇ ਦੋ ਸ਼ਬਦਾਂ ਦੇ ਜੋੜ ਨਾਲ ਬਣਦੇ ਹਨ।

(C) ਜਿਹੜੇ ਕਿਸੇ ਦੂੱਜੇ ਸ਼ਬਦ ਦੀ ਸਹਾਇਤਾ ਤੋਂ ਬਿਨਾ ਆਪਣੇ ਆਪ ਬਣਦੇ ਹਨ।

(D) ਜਿਹੜੇ ਦੋ ਸ਼ਬਦਾਂ ਤੋਂ ਵੱਖ ਹੋਕੇ ਬਣਦੇ ਹਨ।

**18.** ਸ਼ਬਦ ਰਚਨਾਂ ਤੋਂ ਕੀ ਭਾਵ ਹੈ?

(A) ਸ਼ਬਦਾ ਤੋਂ ਹੀ ਵਾਕਾਂ ਦੀ ਰਚਨਾ ਹੁੰਦੀ ਹੈ।

(B) ਇੱਕ ਸ਼ਬਦ ਤੋਂ ਦੂਜਾ ਸ਼ਬਦ ਬਣਾਉਣ ਦੀ ਕਿਰਿਆ ਹੈ।

(C) ਸ਼ਬਦਾਂ ਦਾ ਵਿਸਤਾਰ ਸ਼ਬਦ ਰਚਨਾ ਕਰਦਾ ਹੈ।

(D) ਸ਼ਬਦਾਂ ਦੇ ਵੱਖ-ਵੱਖ ਅਰਥਾਂ ਨੂੰ ਸ਼ਬਦ ਰਚਨਾ ਕਿਹਾ ਜਾਂਦਾ ਹੈ।

www.FirstRanker.com

FirstRanker.com
Firstranker's choice
www.FirstRanker.com www.FirstRanker.com

**19. ਨੋਟ** : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-40 ਸ਼ਬਦਾਂ ਵਿੱਚ ਲਿਖੋ: 2×10=20

(a) ਗੁਰੂ ਨਾਨਕ ਦੇਵ ਜੀ ਦੀ ਬਾਣੀ ''ਸਉ ਮਣ ਹਸਤੀ ਘਿਉ ਗੁੜ ਖਾਵੈ'' ਵਿੱਚ ਆਏ ਵਿਚਾਰ ਨੂੰ ਆਪਣੇ ਸ਼ਬਦਾ ਵਿੱਚ ਲਿਖੋ।

(b) 'ਅੱਜ ਆਖਾਂ ਵਾਰਸ਼ ਸ਼ਾਹ' ਦਾ ਭਾਵ ਸੰਖੇਪ ਵਿੱਚ ਲਿਖੋ।

(c) ਸ: ਨਾਨਕ ਸਿੰਘ ਨੇ 'ਭੂਆ' ਕਹਾਣੀ ਵਿੱਚ ਪੰਜਾਬੀ ਸਭਿਆਚਾਰ ਵਿੱਚ ਕਿਸ ਗੱਲ ਨੂੰ ਕਿਸ ਪ੍ਰਕਾਰ ਚਿਤਰਿਆ ਹੈ?

(d) 'ਪੇਮੀ ਦੇ ਨਿਆਂਣੇ' ਕਹਾਣੀ ਵਿੱਚ ਛੋਟਾ ਭਾਈ ਕਦੋਂ ਇਹ ਕਹਿੰਦਾ ਹੈ ''ਕਿ ਆਪਾਂ ਵਾਹਿਗੁਰੂ-ਵਾਹਿਗੁਰੂ' ਕਰਕੇ ਚਲੇ ਜਾਵਾਂ ਗੇ''। ਭੈਣ ਕੀ ਉੱਤਰ ਦਿੰਦੀ ਹੈ?

(e) ''ਆ ਖਸਮਾ ਖਾਣਿਆ! ਤੂੰ ਲੱਗਾਂ ਹੁਣੇ ਉਲਾਭੇ ਲਿਆਉਣ'' ਇਹ ਗੱਲ ਕੌਣ ਕਿਸ ਨੂੰ ਕਿਸ ਵੇਲੇ ਕਹਿ ਰਹੀ ਹੈ?

(f) ਸ: ਗੁਰਬਖਸ਼ ਸਿੰਘ ਪ੍ਰੀਤ ਲੜੀ ਅਨੁਸਾਰ ਉਨ੍ਹਾਂ ਦੀ ਦਾਦੀ ਜੀ ਦਾ ਪ੍ਰਾਰਥਨਾ ਵਾਲਾ ਕਮਰਾ ਕਿਹੋ ਜਿਹਾ ਸੀ?

(g) ਬੰਬਈ ਵਸਦੇ ਪੰਜਾਬੀਆਂ ਉੱਪਰ 'ਬਲਰਾਜ ਸਾਹਨੀ' ਜੀ ਨੂੰ ਕੀ ਇਤਰਾਜ ਹੈ?

(h) ਭੰਗੜੇ ਦਾ ਸੰਬੰਧ ਪੰਜਾਬੀਆਂ ਦੀ ਕਿਸ ਗੱਲ ਵੱਲ ਹੈ?

(i) ਇਕਾਂਗੀ ਵਿੱਚ ''ਰੇਲ ਹਾਦਸੇ ਤੋਂ ਪਿਛੋਂ ਜੋ ਔਰਤ ਚੱਲਾ ਰਹੀ ਸੀ ਉਸ ਬਾਰੇ ਰਾਮੂ ਬਾਬਾਜੀ ਨੂੰ ਕੀ ਦਸਦਾ ਹੈ?

(j) ਦਿੱਲੀ ਵਿੱਚ ਪੰਜਾਬੀ ਪੁਸਤਕਾਂ ਦੇ ਕਿਹੜੇ-ਕਿਹੜੇ ਪ੍ਰਕਾਸ਼ਕ ਹਨ?

**20. ਨੋਟ** : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100 – 125 ਸ਼ਬਦਾਂ ਵਿੱਚ ਲਿਖੋ: 5×3=15

(a) ਸ: ਗੁਰਬਖ਼ਸ਼ ਸਿੰਘ ਪ੍ਰੀਤਲੜੀ ਜੀ ਨੇ 'ਵਕਤ ਦੀ ਕਦਰ' ਪਾਠ ਵਿੱਚ ਕੀ ਸਨੇਹਾ ਦਿੱਤਾ ਹੈ?

(b) 'ਭਾਈ ਘਨ੍ਹਈਆ ਜੀ' ਇਕਾਂਗੀ ਦੇ ਮੁੱਖ ਪਾਤਰ 'ਬਾਬਾ' ਜੀ ਦਾ ਪਾਤਰ ਚਿੱਤਰਨ ਕਰੋ।

(c) 'ਮੁਕਤਸਰ ਦੇ ਮੇਲੇ' ਦੀ ਮਹੱਤਤਾ ਬਾਰੇ ਇੱਕ ਪੈਰਾ ਲਿਖੋ।

www.FirstRanker.com

**21.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 150 – 175 ਸ਼ਬਦਾਂ ਵਿੱਚ ਲਿਖੋ: 8×2=16

(a) 'ਔਰਤ ਦੀ ਹੱਕ ਤਲਫ਼ੀ' ਕਵਿਤਾ ਵਿੱਚ ਡਾ: ਜਗਤਾਰ ਨੇ ਕਿਸ ਗੱਲ ਦੀ ਵਕਾਲਤ ਕੀਤੀ ਹੈ, ਉਸ ਉੱਪਰ ਟਿੱਪਣੀ ਆਪਣੇ ਸ਼ਬਦਾਂ ਵਿੱਚ ਕਰੋ।

(b) 'ਖਬਰਾਂ' ਦਾ ਸੰਪਾਦਨ ਕਰਨ ਲੱਗਿਆਂ ਇੱਕੋਂ ਸਮੇਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ?

**22.** ਹੇਠ ਲਿਖੇ ਵਿਸ਼ਿਆਂ ਵਿਚੋਂ **ਇੱਕ** ਵਿਸ਼ੇ 'ਤੇ ਲਗਭਗ 200 ਸ਼ਬਦਾਂ ਦਾ ਲੇਖ ਲਿਖੋ: 10

(a) ਸਮਾਜ ਵਿੱਚ ਇਸਤਰੀ ਦਾ ਸਥਾਨ।

(b) ਪ੍ਰਦੂਸ਼ਣ ਦੀ ਸਮੱਸਿਆ।

(c) ਅਨਪੜ੍ਹਤਾ ਇੱਕ ਲਾਹਨਤ।

(d) ਨਾਨਕ ਦੁਖੀਆ ਸਭ ਸੰਸਾਰ

www.FirstRanker.com

FirstRanker.com
Firstranker's choice
www.FirstRanker.com www.FirstRanker.com

**23.** ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖਕੇ ਧਾਰਮਕ ਅਦਾਰਿਆਂ ਵੱਲੋਂ ਬੇਲੋੜੇ ਲਾਉਡ ਸਪੀਕਰ ਬੰਦ ਕਰਵਾਉਣ ਲਈ ਬੇਨਤੀ ਕਰੋ। 6

**ਜਾਂ**

ਦਿੱਲੀ ਜਲਬੋਰਡ ਦੇ ਚੇਅਰਮੈਨ ਨੂੰ ਬੇਨਤੀ ਪੱਤਰ ਲਿਖਕੇ ਆਪਣੇ ਇਲਾਕੇ ਵਿੱਚ ਪਾਣੀ ਨਾ ਆਉਣ ਦੀ ਸਮੱਸਿਆ ਦਸ ਕੇ ਉਸ ਦੇ ਹੱਲ ਕਰਨ ਲਈ ਬੇਨਤੀ ਕਰੋ।

**24.** ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਵਿਕਲਪ ਦੇ ਉੱਤਰ 100 – 125 ਸ਼ਬਦਾਂ ਵਿੱਚ ਲਿਖੋ: 5×3=15

(a) 'ਅਨੁਵਾਦ' ਰਾਹੀਂ ਅਸੀ ਸੰਸਾਰ ਦੇ ਹੋਰ ਸਭਿਆਚਾਰਾਂ ਨਾਲ ਕਿਵੇਂ ਸਾਂਝ ਪਾ ਸਕਦੇ ਹਾਂ?

(b) ਦੁਭਾਸ਼ੀਆ ਕੌਣ ਹੁੰਦਾ ਹੈ? ਇਸ ਦੀ ਜਿਆਦਾ ਲੋੜ ਕਿਸ ਵੇਲੇ ਹੁੰਦੀ ਹੈ? ਉਸ ਦੀ ਕੀ ਕੀ ਜ਼ਿੰਮੇਵਾਰੀ ਹੁੰਦੀ ਹੈ?

(c) 'ਮੌਖਕ ਅਨੁਵਾਦਕ' (ਭਾਸ਼ਾਂਤਰਣ) ਮੌਖਿਕ ਅਤੇ ਲਿਖਤੀ ਅਨੁਵਾਦਕ ਵਿੱਚ ਕੀ ਅੰਤਰ ਹੈ?

**ਜਾਂ**

(a) ਅਜੋਕੇ ਸਮੇਂ ਵਿੱਚ ਸਿਨੇਮਾ ਇੱਕ ਤਾਕਤਵਰ ਮਾਧਿਅਮ ਹੈ, ਇਸ ਬਾਰੇ ਸੰਖੇਪ ਵਿੱਚ ਲਿਖੋ।

(b) ਪੰਜਾਬੀ ਸੱਭਿਆਚਾਰ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਪੰਜਾਬੀ ਗੀਤਾਂ ਨੇ ਕਿਵੇਂ ਪੇਸ਼ ਕੀਤਾ ਹੈ?

(c) ਪੰਜਾਬੀ ਸਾਹਿਤ ਵਿੱਚ ਸਿੱਖ ਇਤਿਹਾਸ ਸੰਬੰਧੀ ਨਾਟਕ ਕਿਸ ਨਾਟਕਕਾਰ ਨੇ ਲਿਖੇ ਹਨ? 5×3=15

★ ★ ★

www.FirstRanker.com